# ਚਰਨਦਾਸ ਸਿੱਧੂ ਰਚਿਤ ਨਾਟਕ ‘ਕਿਰਪਾ ਬੋਣਾ’ ਇਕ ਆਧੁਨਿਕ ਤ੍ਰਾਸਦੀ

ਡਾ. ਰਵਿੰਦਰ ਸਿੰਘ

ਤ੍ਰਾਸਦੀ ਨਾਟਕ ਦਾ ਉਹ ਰੂਪਾਕਾਰ ਹੈ ਜਿਸਦਾ ਵਿਕਾਸ ਪੱਛਮ ਦੀ ਨਾਟਕ ਪਰੰਪਰਾ ਦੇ ਅੰਤਰਗਤ ਹੋਇਆ ਹੈ। ਪ੍ਰਾਚੀਨ ਯੂਨਾਨ ਵਿਚ ਇਸਦਾ ਮੁੱਢ ਬਝਿਆ । ਐਸਕਾਈਲਸ, ਸੋਫੋਕਲੀਜ਼ ਤੇ ਯੂਰੀਪੀਡੀਸ ਪ੍ਰਾਚੀਨ ਯੂਨਾਨ ਦੇ ਤਿੰਨ ਪ੍ਰਮੁੱਖ ਤ੍ਰਾਸਦੀਕਾਰ ਮੰਨੇ ਗਏ ਹਨ । ਇਨ੍ਹਾਂ ਨਾਟਕਕਾਰਾਂ ਦੀਆਂ ਤ੍ਰਾਸਦੀਆਂ ਨੂੰ ਮੁੱਖ ਰਖਕੇ ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਅਤੇ ਸਾਹਿਤ ਚਿੰਤਕ ਅਰਸਤੂ ਨੇ ਆਪਣੀ ਪੁਸਤਕ ‘ਕਾਵਿ-ਸ਼ਾਸਤਰ’ ਵਿਚ ਤ੍ਰਾਸਦੀ ਦੀ ਮੁੱਢਲੀ ਪਰਿਭਾਸ਼ਾ ਕਰਦਿਆਂ ਹੋਇਆਂ ਲਿਖਿਆ ਹੈ:

“ਤ੍ਰਾਸਦੀ ਕਿਸੇ ਗੰਭੀਰ ਅਤੇ ਮੁਕੰਮਲ ਮਨੁੱਖੀ ਕਾਰਜ ਦਾ ਅਨੁਕਰਣ ਹੈ । ਜਿਸਦੇ ਦੁਆਰਾ ਡਰ ਅਤੇ ਤਰਸ ਦੇ ਭਾਵਾਂ ਦਾ ਵਿਰੇਚਨ ਹੁੰਦਾ ਹੈ ।”

ਇਸ ਤੋਂ ਇਲਾਵਾ ਅਰਸਤੂ ਨੇ ਤ੍ਰਾਸਦੀ ਦੇ ਹੋਰ ਵੀ ਕਈ ਗੁਣਾਂ ਵਲ ਸੰਕੇਤ ਕੀਤਾ ਹੈ, ਜਿਵੇਂ ਕਿ ਇਸਦਾ ਨਾਇਕ ਸਧਾਰਣ ਮਨੁੱਖ ਨਹੀਂ ਸਗੋਂ ਰਾਜਾ, ਰਾਜਕੁਮਾਰ, ਜਰਨੈਲ ਜਾਂ ਕੋਈ ਹੋਰ ਕੁਲੀਨ ਵਰਗ ਦਾ ਵਿਅਕਤੀ ਹੋ ਸਕਦਾ ਹੈ ਅਤੇ ਤ੍ਰਾਸਦੀ ਦੇ ਨਾਇਕ ਦੀ ਰੂਪ ਰਚਨਾ ਵਿਚ ਕੁਝ ਅਜਿਹੀਆਂ ਕਮੀਆਂ ਜਾਂ ਕਮਜ਼ੋਰੀਆਂ ਵੀ ਰਖ ਦਿਤੀਆਂ ਜਾਂਦੀਆਂ ਹਨ ਜਿਨ੍ਹਾਂ ਕਰਕੇ ਉਹ ਘੋਰ ਬਿਪਤਾ ਦਾ ਸ਼ਿਕਾਰ ਹੁੰਦਾ ਹੈ ।

ਤ੍ਰਾਸਦੀ ਬਾਰੇ ਪੱਛਮ ਦੇ ਅਨੇਕਾਂ ਚਿੰਤਕਾਂ ਨੇ ਆਾਪਣੇ ਵਿਚਾਰ ਪੇਸ਼ ਕੀਤੇ ਹਨ, ਪਰ ਤਾਂ ਵੀ ਤ੍ਰਾਸਦੀ ਦੀ ਕੋਈ ਸੌਖੀ ਜਾਂ ਸਰਲ ਜਿਹੀ ਪਰਿਭਾਸ਼ਾ ਸਾਹਮਣੇ ਨਹੀਂ ਆਉਂਦੀ । ਇਸਦਾ ਮੁੱਖ ਕਾਰਣ ਇਹ ਹੈ ਕਿ ਤ੍ਰਾਸਦੀ ਇਕ ਗੁੰਝਲਦਾਰ ਸੰਕਲਪ ਹੈ ਭਾਵੇਂ ਇਹ ਮੂਲ ਰੂਪ ਵਿਚ ਦੁੱਖ ਝਾਂ ਮੌਤ ਦੀ ਸਥਿਤੀ ਨੂੰ ਪੇਸ਼ ਕਰਦੀ ਹੈ ਪਰ ਹਰ ਤਰ੍ਹਾਂ ਦਾ ਦੁੱਖ ਤੇ ਹਰ ਤਰ੍ਹਾਂ ਦੀ ਮੌਤ ਤ੍ਰਾਸਦੀ ਨਹੀਂ ਅਖਵਾ ਸਕਦੀ । ਇਸਦੇ ਨਾਲ ਕੁਝ ਸ਼ਰਤਾਂ ਜੁੜੀਆਂ ਹੋਈਆਂ ਹਨ, ਮਿਸਾਲ ਵਜੋਂ ਜੇ ਕੋਈ ਨਿਤਾਣਾ, ਕਮਜ਼ੋਰ ਜਾਂ ਮਾਸੂਮ ਵਿਅਕਤੀ ਬੇਗੁਨਾਹ ਹੁੰਦਾ ਹੋਇਆ ਕਸ਼ਟ ਭੋਗਦਾ ਹੈ ਜਾਂ ਮਰਦਾ ਹੈ ਤਾਂ ਅਜਿਹੀ ਸਥਿਤੀ ਤਰਸਯੋਗ ਤਾਂ ਹੋ ਸਕਦੀ ਹੈ ਤ੍ਰਾਸਦ ਨਹੀਂ । ਇਸੇ ਤਰ੍ਹਾਂ ਜੇ ਕੋਈ ਗੁਨਾਹਗਾਰ, ਜ਼ਾਲਮ ਅਤੇ ਅਤਿਆਚਾਰੀ ਵਿਅਕਤੀ ਦੁਖਦਾਈ ਮੌਤ ਮਰਦਾ ਹੈ ਤਾਂ ਵੀ ਉਸਦੀ ਮੌਤ ਨੂੰ ਤ੍ਰਾਸਦ ਨਹੀਂ ਕਿਹਾ ਜਾ ਸਕਦਾ । ਤ੍ਰਾਸਦੀ ਤਾਂ ਉਸੇ ਹਾਲਤ ਵਿਚ ਪੈਦਾ ਹੋ ਸਕਦੀ ਹੈ ਜਦੋਂ ਕੋਈ ਨਾਇਕ ਆਪਣੇ ਤੋਂ ਕਿਸੇ ਵਡੇਰੀ ਸ਼ਕਤੀ ਨੂੰ ਵੰਗਾਰਦਾ ਹੈ ਅਤੇ ਆਪਣੇ ਮਨੁੱਖੀ ਤੱਤ ਦੀ

ਰਖਿਆ ਕਰਦਾ ਹੋਇਆ ਬਿਪਤਾ ਸਹੇੜਦਾ ਹੈ ਜਾਂ ਮੌਤ ਨੂੰ ਪ੍ਰਾਪਤ ਹੁੰਦਾ ਹੈ ਅਜਿਹਾ ਪਾਤਰ ਆਪਣੀ ਮੌਤ ਜਾਂ ਹਾਰ ਰਾਹੀਂ ਆਪਣੀ ਮਹਾਨਤਾ ਦਾ ਪ੍ਰਮਾਣ ਪੇਸ਼ ਕਰ ਜਾਂਦਾ ਹੈ ।

ਪ੍ਰਾਚੀਨ ਯੂਨਾਨੀ ਤ੍ਰਾਸਦੀਆਂ ਵਿਚ 'ਰਾਜਾ ਈਡੀਪਸ', 'ਐਂਤੀਗਨੀ', 'ਔਰੈਤਸ', 'ਇਲੈਕਤਰਾ' ਵਰਗੇ ਮਿਥਿਹਾਸਕ ਪਾਤਰਾਂ ਦੀਆਂ ਦੁਖਾਂਤਕ ਘਟਨਾਵਾਂ ਨੂੰ ਲੈ ਕੇ ਮਹਾਨ ਤ੍ਰਾਸਦੀਆਂ ਦੀ ਸਿਰਜਣਾ ਹੋਈ ਹੈ। ਯੋਰਪ ਦੀ ਤ੍ਰਾਸਦੀ ਪਰੰਪਰਾ ਵਿਚ ਸਦੀਆਂ ਦੀ ਲੰਮੀ ਵਿੱਥ ਤੋਂ ਬਾਅਦ ਸ਼ੈਕਸਪੀਅਰੀ ਤ੍ਰਾਸਦੀ ਦਾ ਯੁੱਗ ਆਉਂਦਾ ਹੈ। ਸ਼ੈਕਸਪੀਅਰ ਨੇ ਭਾਵੇਂ ਆਪਣੇ ਤ੍ਰਾਸਦ ਨਾਟਕਾਂ ਦੀ ਸਿਰਜਣਾ ਉੱਚ ਪੱਦਵੀ ਵਾਲੇ ਨਾਇਕਾਂ ਉਤੇ ਅਧਾਰਿਤ ਕਰਕੇ ਹੀ ਕੀਤੀ ਪਰ ਉਸਨੇ ਕਿਸੇ ਰਹੱਸਮਈ ਦੈਵੀ ਪ੍ਰਬੰਧ ਨਾਲ ਆਪਣੇ ਨਾਇਕ ਦਾ ਟਕਰਾਓ ਪੇਸ਼ ਨਹੀਂ ਕੀਤਾ ਸਗੋਂ ਮਨੁੱਖ ਨੂੰ ਆਪਣੇ ਅੰਦਰ ਦੀ ਬਦੀ ਨਾਲ ਹੀ ਟਕਰਾਉਂਦਿਆਂ ਅਤੇ ਤਬਾਹ ਹੁੰਦਿਆਂ ਦਰਸਾਇਆ ਹੈ ।ਮਿਸਾਲ ਵਜੋਂ ਉਸਦੇ ਨਾਟਕ 'ਮੈਕਬੱਥ' ਦਾ ਨਾਇਕ ਆਪਣੇ ਅੰਦਰ ਦੀ ਮਹੱਤਵ ਅਕਾਂਖਿਆ ਦਾ ਸ਼ਿਕਾਰ ਹੁੰਦਾ ਹੈ । ਉਹ ਇਕ ਵਫਾਦਾਰ ਜਰਨੈਲ ਹੁੰਦਾ ਹੈ ਪਰ ਜਦੋਂ ਉਹ ਇਕ ਮੋਰਚੇ ਤੇ ਜੰਗ ਜਿੱਤਕੇ ਆ ਰਿਹਾ ਹੁੰਦਾ ਹੈ ਤਾਂ ਉਸਦਾ ਸਾਹਮਣਾ ਤਿੰਨ ਚੁੜੇਲਾਂ ਨਾਲ ਹੁੰਦਾ ਹੈ, ਇਹ ਚੁੜੇਲਾਂ ਜਰਨੈਲ 'ਮੈਕਬੱਥ' ਦੇ ਮਨ ਵਿਚ ਸਿਰਫ ਰਾਜ ਪ੍ਰਾਪਤੀ ਦੀ ਅਕਾਂਖਿਆ ਹੀ ਨਹੀਂ ਜਗਾਉਂਦੀ ਸਗੋਂ ਆਪਣੇ ਇਸ ਪ੍ਰਾਪਤ ਹੋਣ ਵਾਲੇ ਰਾਜ ਨੂੰ ਆਪਣੀ ਔਲਾਦ ਲਈ ਵੀ ਸੁਰੱਖਿਅਤ ਕਰਨ ਦੀ ਲਾਲਸਾ ਨਾਲ ਭਰ ਦਿੰਦੀਆਂ ਹਨ । ਨਾਟਕ ਦੇ ਵਿਸਥਾਰ ਵਿਚ ਨਾਇਕ ਨੂੰ ਮਨੁੱਖ ਦੇ ਅੰਦਰ ਦੀ ਬਦੀ ਦੇ ਪ੍ਰਤੀਕ ਪਾਤਰਾਂ ਹੱਥੋਂ ਤਬਾਹ ਹੁੰਦਿਆਂ ਦਰਸਾਇਆ ਗਿਆ ਹੈ ।

ਇਸੇ ਤਰ੍ਹਾਂ ਹੀ ਸ਼ੈਕਸਪੀਅਰ ਦੇ ਹੋਰ ਨਾਟਕ 'ਕਿੰਗ ਲੀਅਰ', 'ਉਥੈਲੋ', 'ਮਰਚੈਂਟ ਆਫ ਵੀਨਸ', 'ਜੂਲੀਅਸ ਸੀਜ਼ਰ' ਆਦਿ ਨੈਤਿਕ ਅਤੇ ਮਨੋਵਿਗਿਆਨਕ ਸ਼ਕਤੀਆਂ ਦੇ ਟਕਰਾਓ ਵਿਚੋਂ ਪੈਦਾ ਹੋਣ ਵਾਲੀ ਤ੍ਰਾਸਦੀ ਨੂੰ ਪੇਸ਼ ਕਰਦੇ ਹਨ । ਆਧੁਨਿਕ ਕਾਲ ਵਿਚ ਤ੍ਰਾਸਦੀ ਦਾ ਸੰਕਲਪ ਤਾਂ ਭਾਵੇਂ ਤਬਦੀਲ ਨਹੀਂ ਹੋਇਆ ਇਹ ਹਾਲੇ ਵੀ ਮਨੁੱਖ ਦੀ ਘੋਰ ਬਿਪਤਾ ਦੇ ਪ੍ਰਗਟਾਵੇ ਨਾਲ ਹੀ ਜੁੜਿਆ ਹੋਇਆ ਹੈ ਪਰ ਬਿਪਤਾ ਭੋਗਣ ਵਾਲਾ ਵਿਅਕਤੀ ਹੁਣ ਜ਼ਰੂਰੀ ਨਹੀਂ ਕਿ ਰਾਜਾ ਜਾਂ ਜਰਨੈਲ ਹੀ ਹੋਵੇ ਇਹ ਸਧਾਰਣ ਮਨੁੱਖ ਵੀ ਹੋ ਸਕਦਾ ਹੈ । ਇਸ ਤੋਂ ਇਲਾਵਾ ਆਧੁਨਿਕ ਕਾਲ ਦੀ ਤ੍ਰਾਸਦੀ ਸਮਾਜਿਕ ਵਿਵਸਥਾ ਨਾਲ ਮਨੁੱਖ ਦੇ ਟਕਰਾਓ ਨੂੰ ਵੀ ਪੇਸ਼ ਕਰਨ ਵਲ ਰੁਚਿਤ ਹੁੰਦੀ ਹੈ । ਇਉਂ ਆਧੁਨਿਕ ਤ੍ਰਾਸਦੀ ਵਿਚ ਕਿਸੇ ਆਮ ਮਨੁੱਖ ਨੂੰ ਸਮਾਜਿਕ ਜੀਵਨ ਦੇ ਯਥਾਰਥ ਵਿਚ ਵਿਵਸਥਾ ਨਾਲ ਟਕਰਾਉਂਦੇ ਜਾਂ ਆਪਣੀ ਸ਼ਖਸੀਅਤ ਦੇ ਅੰਤਰ ਵਿਰੋਧਾਂ ਨਾਲ ਜੂਝਦਿਆਂ ਦਰਸਾਇਆ ਜਾਂਦਾ ਹੈ ।

ਚਰਨਦਾਸ ਸਿੱਧੂ ਦਾ ਨਾਟਕ 'ਕਿਰਪਾ ਬੋਣਾ' ਵੀ ਇਸੇ ਕਿਸਮ ਦੇ ਸਧਾਰਣ ਮਨੁੱਖ ਦੀ ਬਿਪਤਾ ਨੂੰ ਮੂਰਤੀਮਾਨ ਕਰਦਾ ਹੈ । ਕਿਰਪਾ ਇਕ ਬੋਣਾ (ਜੁਲਾਹਾ) ਹੈ । ਕਪੜਾ ਬੁਣਨ ਦੇ ਇਸ ਜੱਦੀ-ਪੁਸ਼ਤੀ ਕਿੱਤੇ ਵਿਚ ਅਜੋਕੀ ਅਰਥ ਵਿਵਸਥਾ ਦਾ ਸਾਹਮਣਾ ਕਰਨ ਦੀ ਸ਼ਕਤੀ ਨਹੀਂ ਰਹੀ । ਬੋਣਿਆਂ ਦਾ ਇਹ ਜੱਦੀ ਪੁਸ਼ਤੀ ਕਿੱਤਾ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਹੁਣ ਆਰਥਿਕ ਦ੍ਰਿਸ਼ਟੀ ਤੋਂ ਬਹੁਤਾ ਲਾਹੇਵੰਦ ਨਹੀਂ ਰਿਹਾ। ਇਉਂ ਨਾਟਕਕਾਰ ਨੇ ਜਾਗੀਰਦਾਰੀ ਅਰਥ ਵਿਵਸਥਾ ਨਾਲ ਸੰਬੰਧ ਰੱਖਣ ਵਾਲੀ ਕਿਰਤੀ/ਦਸਤਕਾਰ ਸ਼੍ਰੇਣੀ ਦੀ ਨਵੇਂ ਉਸਰ ਰਹੇ ਆਰਥਿਕ ਪ੍ਰਬੰਧ ਦੇ ਸਾਹਮਣੇ ਹੀਣੀ ਅਤੇ ਨਿਤਾਣੀ ਅਵਸਥਾ ਨੂੰ ਤ੍ਰਾਸਦੀ ਦਾ ਮੂਲ ਆਧਾਰ ਬਣਾਇਆ ਹੈ । ਇਸ ਸ਼੍ਰੇਣੀ ਦਾ ਦੁਖਾਂਤ ਇਸ ਗਲ ਵਿਚ ਹੈ ਕਿ ਇਹ ਸਮੇਂ ਦੇ ਬਦਲੇ ਹੋਏ ਪ੍ਰਸੰਗ ਵਿਚ ਆਰਥਿਕ ਪੱਖੋਂ ਨਿਤਾਣੀ ਅਤੇ ਕਮਜ਼ੋਰ ਰਹਿ ਜਾਂਦੀ ਹੈ । ਉਦਯੋਗਿਕ ਕ੍ਰਾਂਤੀ ਦੇ ਇਸ ਦੌਰ ਵਿਚ ਰਵਾਇਤੀ ਦਸਤਕਾਰ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਮਸ਼ੀਨੀ ਉਤਪਾਦਨ ਦੇ ਸਾਹਮਣੇ ਖੜਾ ਨਹੀਂ ਕਰ ਸਕਦਾ ।

ਨਾਟਕ ਵਿਚਲਾ ਮੁੱਖ ਪਾਤਰ ਆਪਣੇ ਕਿੱਤੇ ਦਾ ਮਾਹਿਰ ਹੈ ਅਤੇ ਉਸ ਵਿਚ ਜਾਗੀਰਦਾਰੀ ਅਰਥ ਵਿਵਸਥਾ ਦੇ ਮਾਨਵਤਾਵਾਦੀ ਗੁਣ ਮੌਜੂਦ ਹਨ । ਪਰ ਉਸਦਾ ਆਪਣੇ ਆਪ ਨੂੰ ਸਮੇਂ ਦੇ ਅਨੁਸਾਰ ਨਾ ਢਾਲ ਸਕਣ ਅਤੇ ਸਿਰੜ ਨਾਲ ਆਪਣੇ ਪਿਤਾ ਪੁਰਖੀ ਕਿੱਤੇ ਦੀ ਮਾਹਨਤਾ ਨਾਲ ਜੁੜੇ ਰਹਿਣਾ ਉਸ ਨੂੰ ਤ੍ਰਾਸਦ ਪਾਤਰ ਬਣਾਉਂਦਾ ਹੈ । ਇਹ ਗਲ ਅਰਸਤੂ ਦੇ ਕਾਵਿ-ਸ਼ਾਸਤਰੀ ਚਿੰਤਨ ਅਨੁਸਾਰ ਉਸਦਾ ਚਰਿਤਰ ਦੋਸ਼ ਵੀ ਮੰਨੀ ਜਾ ਸਕਦੀ ਹੈ । ਦੂਸਰੇ ਸ਼ਬਦਾਂ ਵਿਚ ਕਿਰਪੇ ਦਾ ਬਦਲੇ ਹੋਏ ਆਰਥਿਕ ਪ੍ਰਬੰਧ ਨੂੰ ਨਜ਼ਰ ਅੰਦਾਜ਼ ਕਰਕੇ ਪਛੜੇ ਹੋਏ ਕਿੱਤੇ ਨਾਲ ਜੁੜੇ ਰਹਿਣ ਦੀ ਚੋਣ ਉਸਦੇ ਨਿਰਣੇ ਦੀ ਤ੍ਰਾਸਦ ਭੁਲ (hamartia) ਮੰਨੀ ਜਾ ਸਕਦੀ ਹੈ ਅਤੇ ਹੌਮੇ ਦੀ ਹੱਦ ਤਕ ਉਸਦਾ ਆਤਮ ਵਿਸ਼ਵਾਸ ਯੂਨਾਨੀ ਤ੍ਰਾਸਦ ਨਾਇਕ ਦੀ ਪ੍ਰਚੰਡ ਹੌਮੇ (hubris) ਨਾਲ ਮੇਲ ਖਾਂਦਾ ਹੈ । ਇਥੇ ਇਕ ਗਲ ਯਾਦ ਰਖਣ ਵਾਲੀ ਇਹ ਹੈ ਕਿ ਕਿਰਪਾ ਬੋਣਾ ਕਲਾਸੀਕਲ ਤ੍ਰਾਸਦ ਨਾਇਕ ਨਹੀਂ ਅਰਥਾਤ ਉਹ ਸਮਾਜਿਕ ਦ੍ਰਿਸ਼ਟੀ ਤੋਂ ਕਿਸੇ ਕੁਲੀਨ ਵਰਗ ਨਾਲ ਸੰਬੰਧਤ ਨਹੀਂ ਇਸ ਲਈ ਉਸਦੇ ਤ੍ਰਾਸਦ ਦੋਸ਼ ਵੀ ਉਹਨੇ ਪ੍ਰਚੰਡ ਰੂਪ ਵਿਚ ਉਜਾਗਰ ਨਹੀਂ ਹੁੰਦੇ ਸਗੋਂ ਇਕ ਸਧਾਰਣ ਪਰ ਸੱਚੇ ਸੁੱਚੇ ਕਿਰਤੀ/ਦਸਤਕਾਰ ਦੀ ਸਮੇਂ ਨਾਲੋਂ ਪਛੜੀ ਹੋਈ ਸੋਚ ਅਤੇ ਦ੍ਰਿਸ਼ਟੀ ਦਾ ਰੂਪ ਧਾਰਕੇ ਸਾਹਮਣੇ ਆਉਂਦੇ ਹਨ ।

ਇਹ ਤ੍ਰਾਸਦ ਦੋਸ਼ ਨੈਤਿਕ ਦੋਸ਼ ਨਹੀਂ ਹਨ ਸਗੋਂ ਮਸ਼ੀਨੀ ਯੁੱਗ ਦੇ ਅਨੁਕੂਲ ਆਪਣੀ ਸਮਰੱਥਾ ਨੂੰ ਵਿਕਸਿਤ ਕਰਨ ਦੇ ਰਸਤੇ ਵਿਚ ਰੁਕਾਵਟ ਪਾਉਣ ਵਾਲੇ ਗੁਣ ਲੱਛਣ ਹਨ । ਕਿਰਪੇ ਦੀ ਤ੍ਰਾਸਦੀ ਦਾ ਦਾਰੋਮਦਾਰ ਆਂਸ਼ਿਕ ਤੌਰ ਤੇ ਉਸਦੇ ਇਨ੍ਹਾਂ ਤ੍ਰਾਸਦਿਕ ਦੋਸ਼ਾਂ ਉਤੇ ਹੈ ਅਤੇ ਆਂਸ਼ਿਕ ਤੌਰ ਤੇ ਉਸਦੀ ਤ੍ਰਾਸਦੀ ਨਵੇਂ ਉੱਸਰ ਰਹੇ ਮਸ਼ੀਨੀ ਮਾਹੌਲ ਅਤੇ

ਅਰਥ ਵਿਵਸਥਾ ਉਤੇ ਵੀ ਹੈ । ਜੇ ਕਿਰਪਾ ਬਦਲੀ ਹੋਈ ਅਰਥ ਵਿਵਸਥਾ ਨੂੰ ਧਿਆਨ ਵਿਚ ਰਖਕੇ ਆਪਣੇ ਪਿਤਾ-ਪੁਰਖੀ ਕਿੱਤੇ ਨੂੰ ਰੂਪਾਂਤਰਿਤ ਕਰਕੇ ਮਿਲ ਮਜ਼ਦੂਰ ਬਣਨ ਜਾਂ ਸਮੇਂ ਦੀ ਲੋੜ ਮੁਤਾਬਿਕ ਕੋਈ ਹੋਰ ਕਿੱਤਾ ਚੁਣਨ ਦੀ ਸੋਝੀ ਰਖਦਾ ਤਾਂ ਉਹ ਤ੍ਰਾਸਦ ਸਥਿਤੀ ਤੋਂ ਬਚ ਸਕਦਾ ਸੀ ਪਰ ਉਸਨੇ ਇਹ ਚੋਣ ਨਹੀਂ ਕੀਤੀ ਅਤੇ ਤ੍ਰਾਸਦ ਸਥਿਤੀ ਨੂੰ ਅੰਤਾਂ ਦੀ ਦਲੇਰੀ ਨਾਲ ਪ੍ਰਵਾਨ ਕੀਤਾ । ਇਉਂ ਨਵੀਂ ਅਰਥ ਵਿਵਸਥਾ ਅੱਗੇ ਉਸਦੀ ਸ਼ਕਤੀ ਹੀਣਤਾ ਅਤੇ ਹਾਰ ਉਸਨੂੰ ਸਧਾਰਣ ਮਨੁੱਖ ਦੀ ਸ਼੍ਰੇਣੀ ਵਿਚੋਂ ਕੱਢ ਕੇ ਮਹਾਨ ਤ੍ਰਾਸਦ ਨਾਇਕ ਬਣਾ ਦਿੰਦੀ ਹੈ।

ਨਾਟਕਕਾਰ ਨੇ ਕਿਰਪੇ ਦੀ ਤ੍ਰਾਸਦੀ ਨੂੰ ਹੋਰ ਗੂੜ੍ਹਾ ਕਰਨ ਲਈ ਉਸਦੇ ਸਮੁੱਚੇ ਪਰਿਵਾਰ ਨੂੰ ਟੁੱਟਦਿਆਂ ਅਤੇ ਵਿਨਾਸ਼ ਦੇ ਕੰਢੇ ਅਪੜਦਿਆਂ ਦਰਸਾਇਆ ਹੈ। ਕਿਰਪੇ ਦੀ ਪਤਨੀ ਦਾ ਪਹਿਲੋਂ ਹੀ ਦਿਹਾਂਤ ਹੋ ਚੁੱਕਾ ਹੈ । ਉਸਦੇ ਪਰਿਵਾਰ ਵਿਚ ਉਸਤੋਂ ਬਿਨਾਂ ਸੱਤ ਮੈਂਬਰ ਹੋਰ ਹਨ । ਹੁੱਸਨਾ ਉਸਦਾ ਵੱਡਾ ਪੁੱਤਰ ਹੈ ਜਿਸਦੀ ਉਮਰ ਚਾਲ਼ੀ ਸਾਲ ਹੈ । ਮੀਂਹਮਲ ਉਸਦਾ ਵਿਚਕਾਰਾਲਾ ਪੁੱਤਰ ਹੈ ਜਿਸਦੀ ਉਮਰ ਪੈਂਤੀ ਸਾਲ ਹੈ ਅਤੇ ਗਰੀਬ ਸਿੰਘ ਉਸਦਾ ਤੀਜਾ ਪੁੱਤਰ ਪੱਚੀ ਸਾਲ ਦੀ ਉਮਰ ਦਾ ਹੈ । ਇਨ੍ਹਾਂ ਤੋਂ ਬਿਨਾਂ ਪਰਿਵਾਰ ਵਿਚ ਉਸਦੀ ਧੀ ਹੈ ਪਾਲੋ, ਜੋ ਵਿਧਵਾ ਹੋ ਚੁੱਕੀ ਹੈ । ਹੁਸਨੇ ਦੀ ਵਹੁਟੀ ਸ਼ੈਂਕਰੀ ਅਤੇ ਗਰੀਬ ਸਿੰਘ ਦੀ ਵਹੁਟੀ ਸੀਬੋ ਵੀ ਇਸੇ ਪਰਿਵਾਰ ਵਿਚ ਹਨ ਅਤੇ ਇਕ ਹੁਸਨੇ ਦੀ ਧੀ ਹੈ ਜਿਸ ਦਾ ਨਾਮ ਬਿੱਦੋ ਹੈ।

ਕਿਰਪੇ ਦੇ ਤਿੰਨਾਂ ਪੁੱਤਰਾਂ ਨਾਲ ਅਤੇ ਇਕੋ ਇਕ ਧੀ ਨਾਲ ਵੀ ਤ੍ਰਾਸਦ ਵਾਪਰਦੀ ਹੈ । ਪਾਲੋ ਦਾ ਪਤੀ ਥਰੈਸ਼ਰ ਦੇ ਹਾਦਸੇ ਵਿਚ ਮਰ ਜਾਂਦਾ ਹੈ ਅਤੇ ਉਸਦੇ ਪੁੱਤਰ ਦੀ ਵੀ ਮੌਤ ਹੋ ਜਾਂਦੀ ਹੈ ਜਿਸਦੇ ਕਾਰਣ ਪਾਲੋ ਨੀਮ ਪਾਗਲ ਅਵਸਥਾ ਵਿਚ ਵਿਚਰ ਰਹੀ ਹੈ। ਕਿਰਪੇ ਦਾ ਵੱਡਾ ਪੁੱਤਰ ਹੁਸਨਾ ਕਿਸੇ ਮਿਲ ਵਿਚ ਕੰਮ ਕਰਦਾ ਹੈ ਅਤੇ ਆਪਣੇ ਵਰਕਰ ਸਾਥੀਆਂ ਨਾਲ ਮਜ਼ਦੂਰ ਦੇ ਹੱਕਾਂ ਲਈ ਲੜਦਾ ਪੁਲਿਸ ਹੱਥੋਂ ਨਕਾਰਾ ਹੋ ਜਾਂਦਾ ਹੈ, ਤਿੰਨ ਚਾਰ ਮਹੀਨੇ ਹਸਪਤਾਲ ਵਿਚ ਰਹਿਣ ਦੇ ਬਾਵਜੂਦ ਜਦੋਂ ਉਸਦੀ ਸਿਹਤ ਵਿਚ ਸੁਧਾਰ ਨਹੀਂ ਹੁੰਦਾ ਤਾਂ ਉਸਨੂੰ ਘਰ ਲਿਆਇਆ ਜਾਂਦਾ ਹੈ ਤੇ ਉਹ ਮੰਜੇ ਤੇ ਪਿਆ ਹੀ ਦਮ ਤੋੜ ਦਿੰਦਾ ਹੈ । ਵਿਚਕਾਰਲਾ ਪੱਤਰ ਮੀਂਹਮਲ ਚੋਅ ਉਤੇ ਬਣ ਰਹੀ ਡੂੰਘੀ ਖੂਹੀ ਉਤਾਰ ਰਿਹਾ ਹੁੰਦਾ ਹੈ ਤਾਂ ਢਿਗਾਂ ਡਿੱਗਣ ਕਾਰਣ ਮਿੱਟੀ ਹੇਠ ਦੱਬਿਆ ਜਾਂਦਾ ਹੈ ਇਉਂ ਉਸਦੀ ਮੌਤ ਹੋ ਜਾਂਦੀ ਹੈ ।

ਕਿਰਪੇ ਦਾ ਸਭ ਤੋਂ ਛੋਟਾ ਪੁੱਤਰ ਪੁਲਿਸ ਵਿਚ ਭਰਤੀ ਸੀ ਉਹ ਸਰਹੱਦੀ ਇਲਾਕੇ ਵਿਚ ਅੱਤਵਾਦੀ ਹਿੰਸਾ ਦਾ ਸ਼ਿਕਾਰ ਹੋ ਜਾਂਦਾ ਹੈ । ਇਸ ਤਰ੍ਹਾਂ ਕਿਰਪਾ ਆਪਣੀਆਂ ਦੋ ਜਵਾਨ ਵਿਧਵਾ ਨੂਹਾਂ, ਇਕ ਵਿਧਵਾ ਧੀ ਅਤੇ ਛੋਟੀ ਪੋਤਰੀ ਬਿੱਦੋ ਨੂੰ ਪਾਲਣ ਦੀ ਜ਼ਿੰਮੇਵਾਰੀ ਵਿਚ ਘਿਰਿਆ ਇਕੱਲਾ ਰਹਿ ਜਾਂਦਾ ਹੈ । ਉਸਦੀ ਰੀੜ੍ਹ ਦੀ ਹੱਡੀ ਟੁੱਟ ਜਾਂਦੀ ਹੈ ਅਤੇ

ਉਹ ਰੀਂਗਦਾ ਹੋਇਆ ਮੁੜ ਉਹੀ ਖੱਡੀ ਚਲਾਉਣ ਲਗ ਪੈਂਦਾ ਹੈ ਜੋ ਉਸਨੇ ਪੁੱਤਰਾਂ ਦੇ ਜਵਾਨ ਹੋਣ ਕਰਕੇ ਚੁੱਕ ਦਿੱਤੀ ਸੀ। ਇਉਂ ਨਾਟਕਕਾਰ ਨੇ ਹੋਣੀ ਅਤੇ ਵਿਵਸਥਾ ਦੇ ਦੂਹਰੇ ਪਰਕੋਪ ਦਾ ਸ਼ਿਕਾਰ ਹੋਏ ਇਕ ਸਧਾਰਣ ਕਿਰਤੀ ਮਨੁੱਖ ਦੀ ਘੋਰ ਬਿਪਤਾ ਦਾ ਤ੍ਰਾਸਦ ਦ੍ਰਿਸ਼ ਸਾਕਾਰ ਕੀਤਾ ਹੈ। ਜਿਹੜੀ ਗਲ ਕਿਰਪੇ ਨੂੰ ਤਰਸ ਦਾ ਪਾਤਰ ਬਣਨ ਦੀ ਬਜਾਏ ਤ੍ਰਾਸਦ ਨਾਇਕ ਬਣਾਉਂਦੀ ਹੈ ਉਹ ਹੈ ਉਸਦਾ ਹਾਰਕੇ ਵੀ ਹਾਰ ਨਾ ਮੰਨਣਾ ਅਤੇ ਆਪਣੀ ਬਚੀ ਖੁਚੀ ਸ਼ਕਤੀ ਨਾਲ ਜੂਝਦੇ ਰਹਿਣ ਦਾ ਸੰਕਲਪ ਲੈਣਾ। ਇਉਂ ਇਹ ਨਾਟਕ ਇਕ ਬੇਹਤਰੀਨ ਆਧੁਨਿਕ ਤ੍ਰਾਸਦੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਵਿਸ਼ੈਗਤ ਅਧਿਐਨ

ਕਿਸੇ ਵੀ ਸਾਹਿਤਕ ਰਚਨਾ ਦਾ ਵਿਸ਼ੈਗਤ ਅਧਿਐਨ ਕਰਨ ਲਈ ਉਸਦੇ ਸਮੁੱਚੇ ਅੰਗਾਂ ਅੰਸ਼ਾਂ ਵਿਚ ਏਕਤਾ ਅਤੇ ਇਕਸੁਰਤਾ ਪੈਦਾ ਕਰਨ ਵਾਲੇ ਤੱਤ ਨੂੰ ਪਛਾਨਣਾ ਹੁੰਦਾ ਹੈ। ਨਾਟਕ ਇਕ ਸਮੂਰਤ ਰਚਨਾ ਹੈ ਜਿਸਦਾ ਸੰਗਠਨ ਪਾਤਰਾਂ, ਘਟਨਾਵਾਂ, ਸਥਿਤੀਆਂ ਅਤੇ ਕਾਰਜਾਂ ਦੀ ਸਹਾਇਤਾ ਨਾਲ ਉਸਰਿਆ ਹੁੰਦਾ ਹੈ। ਨਾਟਕ ਦੇ ਇਸ ਬਾਹਰਮੁੱਖੀ ਸਮੂਰਤ ਕਾਰਜ ਦੇ ਅੰਦਰ ਲੁਕੇ ਹੋਏ ਵਿਚਾਰ ਤੱਤ ਨੂੰ ਪਛਾਨਣਾ ਹੀ ਉਸਦੇ ਵਿਸ਼ੈ ਪੱਖ ਦਾ ਅਧਿਐਨ ਕਰਨਾ ਹੈ।

ਨਾਟਕ ‘ਕਿਰਪਾ ਬੌਣਾ’ ਦੁਆਬੇ ਦੇ ਇਕ ਪਿੰਡ ਦੇ ਕਿਰਤੀ ਪਰਿਵਾਰ ਦੀ ਝਾਕੀ ਪੇਸ਼ ਕਰਦਾ ਹੈ। ਨਾਟਕ ਦੀ ਥੀਮ ਤਕ ਪਹੁੰਚਣ ਲਈ ਸਭ ਤੋਂ ਪਹਿਲਾਂ ਇਸਦੀ ਕਥਾ ਵਸਤੂ ਦੇ ਵੇਰਵਿਆਂ ਨਾਲ ਜਾਣ-ਪਛਾਣ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਨਾਟਕ ਦਾ ਮੁੱਖ ਪਾਤਰ ‘ਕਿਰਪਾ’ ਇਕ ਬੌਣਾ ਜਾਂ ਜੁਲਾਹਾ ਹੈ, ਉਸਨੇ 13-14 ਸਾਲ ਦੀ ਉਮਰ ਤੋਂ ਹੀ ਇਹ ਜੱਦੀ ਪੁਸ਼ਤੀ ਕਿੱਤਾ ਅਪਣਾ ਲਿਆ ਸੀ। ਉਹ 55-56 ਵਰ੍ਹੇ ਇਸੇ ਖੱਡੀ ਨਾਲ ਆਪਣੇ ਪਰਿਵਾਰ ਦੀ ਰੋਜ਼ੀ ਰੋਟੀ ਤੋਰਨ ਦੀ ਕੋਸ਼ਿਸ਼ ਕਰਦਾ ਆ ਰਿਹਾ ਸੀ ਪਰ ਹੁਣ 70 ਸਾਲ ਦੀ ਉਮਰ ਵਿਚ ਆਪਣੇ ਪੁੱਤਰਾਂ ਦੇ ਜਵਾਨ ਹੋ ਜਾਣ ਤੋਂ ਬਾਅਦ ਖੱਡੀ ਚੁੱਕ ਦੇਣ ਦਾ ਫੈਸਲਾ ਕਰਦਾ ਹੈ:

“ਕਿਰਪਾ (ਹੱਥ ਜੋੜਕੇ): ਹੇ ਕਬੀਰ ਮਹਾਰਾਜ ਕਿਰਪਾ ਤੇਰੀ, ਰਵੀਦਾਸ ਬਾਬਾ ਮੇਹਰ ਕਰੀਂ; ਸਿੱਧ ਬਾਬਾ ਦਯਾ ਕਰੀਂ; ਬਾਬਿਓ ਤੁਹਾਡਾ ਆਸਰਾ ਲੈਕੇ ਮੈਂ 55-56 ਬਰਸਾਂ ਬਾਅਦ ਖੱਡੀ ਚੁੱਕਣ ਲਗਾਂ । ਬਾਕੀ ਦੇ ਸਾਹ ਮੈਂ ਤੁਹਾਡੇ ਲੇਖੇ ਲਾਉਂ ਮੇਰੇ ਪੁਤਰਾਂ ਨੂੰ ਵੱਡੀਆਂ ਉਮਰਾਂ ਬਖਸ਼ਿਓ।

ਮੇਰੇ ਟੱਬਰ ਕਬੀਲੇ ਨੂੰ ਸੁਖੀ ਰਖਿਓ।”

“ਤਣਨਾ ਬੁਣਨਾ ਸਬ ਤਜਿਆ ਕਬੀਰ

ਹਰੀ ਕਾ ਨਾਮ ਲਿਖ ਲਿਆ ਸਰੀਰ”

ਕਿਰਪੇ ਦੇ ਤਿੰਨ ਪੁੱਤਰ ਆਪੋ ਆਪਣੇ ਕੰਮ ਧੰਦਿਆਂ ਉੱਪਰ ਲੱਗੇ ਹੋਏ ਹਨ। ਉਸ ਦਾ ਵੱਡਾ ਪੁੱਤਰ ਹੁਸਨਾ ਮਿਲ ਮਜ਼ਦੂਰ ਹੈ, ਵਿਚਕਾਰਲਾ ਮੀਂਹਮਲ ਠੇਕੇਦਾਰ ਨਾਲ ਚੋਅ ਉੱਤੇ ਬਣਦੇ ਪੁਲ਼ ਦੀ ਉਸਾਰੀ ਲਈ ਖੂਹੀਆਂ ਉਤਾਰਨ ਦਾ ਕੰਮ ਕਰਦਾ ਹੈ ਅਤੇ ਤੀਜਾ ਤੇ ਸਭ ਤੋਂ ਛੋਟਾ ਪੁੱਤਰ ਗਰੀਬ ਸਿੰਘ ਪੁਲਿਸ ਵਿਚ ਇਕ ਸਿਪਾਹੀ ਵਜੋਂ ਭਰਤੀ ਹੈ। ਕਿਰਪੇ ਦੀ ਇਕ ਧੀ ਵੀ ਹੈ ਪਾਲੋ ਜੋ ਆਪਣੇ ਪਤੀ ਅਤੇ ਪੁੱਤਰ ਦੀ ਮੌਤ ਤੋਂ ਬਾਅਦ ਨੀਮ ਪਾਗਲ ਅਵਸਥਾ ਵਿਚ ਉਸਦੇ ਘਰ ਰਹਿ ਰਹੀ ਹੈ। ਨਾਟਕ ਦੇ ਅਰੰਭ ਵਿਚ ਗਰੀਬ ਸਿੰਘ ਦੇ ਵਿਆਹ ਦੀ ਸੂਚਨਾ ਮਿਲਦੀ ਹੈ। ਘਰ ਵਿਚ ਨਵੀਂ ਆਈ ਵਹੁਟੀ ਦੇ ਸ਼ਗਨ ਮਨਾਏ ਜਾ ਰਹੇ ਹਨ ਪਰ ਪਾਲੋ ਬੇਸ਼ਗਨੇ ਗੀਤ ਗਾਉਂਦੀ ਹੈ। ਉਹ ਵਾਰ ਵਾਰ "ਇੱਕ ਰੰਡੀ-ਰੰਡੀ ਦੋ ਰੰਡੀਆਂ ਚਾਰ" ਦੀ ਰੱਟ ਲਾ ਰਹੀ ਹੈ। ਪਰਿਵਾਰ ਦੇ ਇਸ ਖੁਸ਼ੀ ਭਰੇ ਮਾਹੌਲ ਵਿਚ ਪਾਲੋ ਦੇ ਇਹ ਬੇਸ਼ਗਨੇ ਬੋਲ ਸਾਰੇ ਪਰਿਵਾਰ ਨੂੰ ਰੜਕਦੇ ਹਨ ਪਰ ਪਾਲੋ ਦੀ ਆਪਣੀ ਦੁਖਾਂਤਕ ਸਥਿਤੀ ਨੂੰ ਵੀ ਉਭਾਰਦੇ ਹਨ। ਕਿਰਪੇ ਦਾ ਵੱਡਾ ਪੁੱਤਰ ਹੁਸਨਾ ਬਰੋਜ਼ੇ ਦੇ ਕਾਰਖਾਨੇ ਵਿਚ ਹੋਈ ਇਕ ਮਜ਼ਦੂਰ ਦੀ ਮੌਤ ਕਾਰਣ ਮਜ਼ਦੂਰਾਂ ਦੀ ਐਜੀਟੇਸ਼ਨ ਵਿਚ ਆਗੂ ਬਣਕੇ ਸ਼ਾਮਲ ਹੈ। ਉਹ ਮਰੇ ਹੋਏ ਮਜ਼ਦੂਰ (ਚਰਨਾ) ਦੀ ਅਰਥੀ ਦਾ ਜਲੂਸ ਸਾਰੇ ਸ਼ਹਿਰ ਵਿਚੋਂ ਕਢਣਾ ਚਾਹੁੰਦਾ ਹੈ। ਕਿਰਪਾ ਉਸਨੂੰ ਕਿਸੇ ਦੰਗੇ ਫਸਾਦ ਦੀ ਅਸ਼ੰਕਾ ਕਾਰਣ ਇਸ ਗਲੋਂ ਰੋਕਣਾ ਵੀ ਚਾਹੁੰਦਾ ਹੈ ਪਰ ਉਹ ਆਪਣੇ ਇਰਾਦੇ ਦਾ ਪੱਕਾ ਹੈ:

"ਹੁਸਨਾ: ਹੁਣ ਤਾਂ ਮੈਂ ਬੀੜਾ ਚੁੱਕ ਲਿਆ ਮਦਾਨ ਇਕ ਪਾਸੇ ਕਰਕੇ ਹਟੂੰ, ਸੈਕਟਰੀ ਵੀ ਚੁਣਿਆ ਅਗਲਿਆਂ ਨੇ। ਸਾਰੇ ਗੰਦੇ ਬਰੋਜ਼ੇ ਦੇ ਕਾਰਖਾਨਿਆਂ ਵਿਚ ਹੜਤਾਲ ਕਰਾਉਣੀ। ਜਿਨ੍ਹਾਂ ਚੀਕਰ ਸਾਡੀ ਜਾਨਾਂ ਨੂੰ ਖਤਰਾ ਉਨਾ ਚੀਕਰ ਕੰਮ ਤੇ ਵਾਪਿਸ ਨਹੀਂ ਜਾਣਾ।"

ਹੁਸਨਾ ਇਸ ਜਲੂਸ ਦੀ ਅਗੁਵਾਈ ਕਰਦਾ ਹੋਇਆ ਪੁਲਿਸ ਦੀ ਮਾਰਕੁੱਟ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਜ਼ਖ਼ਮੀ ਹਾਲਤ ਵਿਚ ਦੋ ਤਿੰਨ ਮਹੀਨੇ ਹਸਪਤਾਲ ਵਿਚ ਦਾਖਲ ਰਹਿੰਦਾ ਹੈ। ਜਦੋਂ ਉਸਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੁੰਦਾ ਤਾਂ ਉਸਨੂੰ ਉਸੇ ਹਾਲਤ ਵਿਚ ਪਿੰਡ ਲਿਆਇਆ ਜਾਂਦਾ ਹੈ। ਫਿਰ ਇਕ ਦਿਨ ਉਸਦੀ ਮੌਤ ਹੋ ਜਾਂਦੀ ਹੈ।

ਕਿਰਪੇ ਦਾ ਦੂਜਾ ਪੁੱਤਰ ਮੀਂਹਮਲ ਵੀ ਇਕ ਜੋਖ਼ਮ ਭਰੇ ਕੰਮ ਵਿਚ ਆਪਣੀ ਜਾਨ ਗੁਆ ਬੈਠਦਾ ਹੈ। ਉਸਦੀ ਮੌਤ ਦਾ ਕਾਰਣ ਲਾਲਚੀ ਠੇਕੇਦਾਰ ਹੈ, ਜਿਸ ਨੇ ਖੂਹੀਆਂ ਉਸਾਰਨ ਵਾਲੇ ਮਜ਼ਦੂਰਾਂ ਦੀ ਸੁਰੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਸਗੋਂ ਅਣਸਿੱਖੇ ਰਾਜਾਂ ਪਾਸੋਂ ਕੱਚੀਆਂ ਪਿੱਲੀਆਂ ਇੱਟਾਂ ਦੀਆਂ ਖੂਹੀਆਂ ਉਸਾਰ ਕੇ ਠੇਕੇ ਵਿਚ ਬਚਤ ਕਰਨ ਦਾ ਨਿਸ਼ਾਨਾ ਹੀ ਸਾਹਮਣੇ ਰੱਖਿਆ। ਕਿਰਪੇ ਦਾ ਤੀਜਾ ਪੁੱਤਰ ਗਰੀਬ ਸਿੰਘ ਖਾੜਕੂਆਂ ਨਾਲ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ। ਇਉਂ ਨਾਟਕ ਵਿਚ ਉੱਪਰੋ-ਥਲੀ ਵਾਪਰੀਆਂ ਇਨ੍ਹਾਂ ਦੁਖਾਂਤਕ ਘਟਨਾਵਾਂ ਨਾਲ ਬਿਰਧ ਕਿਰਪੇ

ਨੂੰ ਇਕ ਵਾਰ ਫਿਰ ਕਬੀਲਦਾਰੀ ਦਾ ਬੋਝ ਚੁੱਕਣ ਲਈ ਮਜਬੂਰ ਹੋਣਾ ਪੈਂਦਾ ਹੈ। ਪਾਲੋ ਦਾ ਨੀਮ ਪਾਗਲਪਣ ਵਿਚ ਉਚਾਰਿਆ ਬੋਲ ‘ਇਕ ਰੰਡੀ ਰੰਡੀ ਦੋ ਰੰਡੀ ਚਾਰ’ ਇਕ ਤ੍ਰਾਸਦ ਵਿਅੰਗ ਬਣ ਜਾਂਦਾ ਹੈ। ਅਰਥਾਤ ਬੇਸਮਝੀ ਨਾਲ ਕਹੀ ਗਈ ਬੇਸ਼ਗੁਨੀ ਗੱਲ ਜ਼ਾਲਮਾਨਾ ਸੱਚ ਬਣ ਕੇ ਸਾਹਮਣੇ ਆ ਜਾਂਦੀ ਹੈ। ਨਾਟਕ ਦੇ ਅੰਤ ਤੇ ਕਿਰਪਾ ਆਪਣੀ ਖੜੀ ਕੀਤੀ ਖੱਡੀ ਨੂੰ ਫਿਰ ਇਕ ਵਾਰ ਚੁੱਕ ਕੇ ਲਿਆਉਂਦਾ ਹੈ:

“ਕਿਰਪਾ: ਬਾਰੀ ਮੇਰੀ ਸੀ ਤਿੰਨੋਂ ਬਾਰੀ ਲੈ ਗਏ ਮੈਤੋਂ ਖੋਹ ਕੇ, ਮਰ ਗਏ (ਸਿੱਧਾ ਖੜਾ ਹੋਣ ਦਾ ਜਤਨ ਕਰਦਾ, ਹੰਝੂ ਰੋਕਦਾ) ਆਪ ਮਰ ਗਏ ਮੈਨੂੰ ਜੁਆਨ ਕਰ ਗਏ।...ਬਿਦੋ ਪੁੱਤ ਨਲੀਆਂ ਵੱਟ।”

ਦੁਖਾਂਤਕ ਪ੍ਰਭਾਵ ਵਾਲੀ ਇਸ ਸਮੁੱਚੀ ਕਥਾ-ਵਸਤੂ ਵਿਚ ਨਾਟਕਕਾਰ ਨੇ ਇਕ ਸਧਾਰਣ ਮਿਹਨਤਕਸ਼ ਪੇਂਡੂ ਪਰਿਵਾਰ ਦੇ ਮੁਸ਼ਕਿਲਾਂ ਭਰੇ ਜੀਵਨ ਦਾ ਚਿੱਤਰ ਪੇਸ਼ ਕੀਤਾ ਹੈ। ਜੋਖ਼ਮ ਭਰੇ ਕੰਮਾਂ ਕਾਰਾਂ ਵਿਚ ਜੁੱਟਿਆ ਹੋਇਆ ਇਹ ਮਿਹਨਤੀ ਪਰਿਵਾਰ ਸਮੁੱਚੇ ਤੌਰ ਤੇ ਮਜ਼ਦੂਰ ਵਰਗ ਦੇ ਕਠੋਰ ਯਥਾਰਥ ਦੀ ਝਾਕੀ ਪੇਸ਼ ਕਰਦਾ ਹੈ। ਇਸ ਝਾਕੀ ਦੇ ਮਾਧਿਅਮ ਰਾਹੀਂ ਨਾਟਕਕਾਰ ਨੇ ਅਜੋਕੀ ਅਰਥ ਵਿਵਸਥਾ ਦੇ ਚਿਹਰੇ ਮੋਹਰੇ ਨੂੰ ਵੀ ਉਘਾੜਨ ਦਾ ਜਤਨ ਕੀਤਾ ਹੈ। ਨਾਟਕ ਦਾ ਤ੍ਰਾਸਦ ਸੰਗਠਨ ਕਿਰਤੀ ਵਰਗ ਦੇ ਸ਼ੋਸ਼ਣ ਅਤੇ ਸੰਘਰਸ਼ ਭਰੇ ਜੀਵਨ ਨਾਲ ਦਰਸ਼ਕ ਪਾਠਕ ਦੀ ਡੂੰਘੀ ਹਮਦਰਦੀ ਜਗਾਉਣ ਦੀ ਚੇਸ਼ਟਾ ਕਰਦਾ ਹੈ।

ਨਾਟਕ ਵਿਚ ਪੇਸ਼ ਹੋਈ ਮਿਹਨਤਕਸ਼ ਤਬਕੇ ਦੀ ਲੁੱਟ-ਖਸੁੱਟ ਅਤੇ ਬੇਕਦਰੀ ਨੂੰ ਹੋਰ ਵਧੇਰੇ ਸਾਕਾਰ ਕਰਨ ਲਈ ਇਸ ਵਿਚ ਪਿੰਡ ਦੀ ਮੌਜੂਦਾ ਅਰਥ ਵਿਵਸਥਾ ਵਿਚ ਖੇਤ ਮਜ਼ਦੂਰ ਦੇ ਸ਼ੋਸ਼ਣ ਦੀ ਥੀਮ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਨਾਟਕ ਦੀ ਥੀਮ ਦਾ ਪਸਾਰ ਪਾਲੋ ਦੇ ਪਤੀ (ਭਗਤਾ) ਦੀ ਸਥਿਤੀ ਨਾਲ ਸਾਕਾਰ ਹੁੰਦਾ ਹੈ। ਭਗਤਾ ਆਪਣੇ ਪਿੰਡ ਦੇ ਰੱਜੇ-ਪੁੱਜੇ ਜ਼ਿਮੀਂਦਾਰ ਦਾ ਖੇਤ ਮਜ਼ਦੂਰ ਸੀ। ਉਹ ਵੀ ਆਪਣੇ ਸਾਥੀ ਖੇਤ ਮਜ਼ਦੂਰਾਂ ਨੂੰ ਜ਼ਿਮੀਂਦਾਰਾਂ ਦੇ ਸ਼ੋਸ਼ਣ ਦੇ ਖ਼ਿਲਾਫ਼ ਜੱਥੇਬੰਦ ਕਰਨਾ ਚਾਹੁੰਦਾ ਸੀ, ਜਿਸ ਕਰਕੇ ਉਸ ਨੂੰ ਮਾਲਕਾਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਨਾਟਕ ਦੇ ਪਾਤਰ ਗਰੀਬੂ ਦੇ ਸ਼ਬਦਾਂ ਵਿਚ:

“ਗਰੀਬੂ: ਭਗਤੇ ਨੂੰ ਆਪ ਮਰਵਾਇਆ ਸਰਦਾਰਾਂ ਨੇ ਮਸ਼ੀਨ ਵਿਚ ਫਸਾ ਕੇ, ਕਤਲ ਕੀਤਾ ਪਾਲੋ ਦੇ ਘਰ ਵਾਲਾ।”

ਪਿੰਡ ਦੀ ਅਰਥ ਵਿਵਸਥਾ ਵਿਚ ਭੂਮੀ ਹੀਣ ਵਰਗ ਨੂੰ ਆਪਣੀ ਨਿੱਘਰਦੀ ਹੋਈ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਆਪਣੀ ਨੂੰਹਾਂ ਧੀਆਂ ਨੂੰ ਭੂਮੀਪਤੀ ਵਰਗ ਦੇ ਨਿਤਾਪ੍ਰਤੀ ਦੇ ਕੰਮਾਂ ਵਿਚ ਸਹਾਇਤਾ ਦੇਣ ਲਈ ਜਾਂ ਵਗਾਰ ਕਰਨ

ਲਈ ਵੀ ਜਾਣਾ ਪੈਂਦਾ ਹੈ। ਦਲਿਤ ਵਰਗ ਦੀਆਂ ਇਹ ਔਰਤਾਂ ਬਹੁਤ ਵਾਰੀ ਧਨੀ ਵਰਗ ਦੀ ਹਿਰਸ ਅਤੇ ਹਵਾਸ ਦਾ ਸ਼ਿਕਾਰ ਵੀ ਹੋ ਜਾਂਦੀਆਂ ਹਨ। ਇਸ ਤਰ੍ਹਾਂ ਨਾਟਕਕਾਰ ਨੇ ਅਜੋਕੀ ਅਰਥ ਵਿਵਸਥਾ ਦੇ ਸ਼ੋਸ਼ਣ ਭਰੇ ਰੂਪ ਨੂੰ ਉਜਾਗਰ ਕੀਤਾ ਹੈ ਪਰ ਇਸਦੇ ਨਾਲ-ਨਾਲ ਇਹ ਨਾਟਕ ਕਿਰਤੀ ਮਜ਼ਦੂਰ ਵਰਗ ਵਿਚ ਪੈਦਾ ਹੋ ਰਹੀ ਸ਼੍ਰੇਣੀ ਚੇਤਨਤਾ ਵੱਲ ਵੀ ਸੰਕੇਤ ਕਰਦਾ ਹੈ। ਨਾਟਕ ਵਿਚਲੀਆਂ ਅਨੇਕਾਂ ਸਥਿਤੀਆਂ ਸ਼ੇਣੀ ਸੰਘਰਸ਼ ਅਤੇ ਸ਼੍ਰੇਣੀ ਚੇਤਨਤਾ ਦੇ ਪ੍ਰਸੰਗ ਨੂੰ ਦਰਸ਼ਕ ਪਾਠਕ ਦੇ ਸਾਹਮਣੇ ਤਿੱਖੇ ਰੂਪ ਵਿਚ ਉਜਾਗਰ ਕਰਦੀਆਂ ਹਨ।

ਮਿਸਾਲ ਵਜੋਂ ਜੇ ਹੁਸਨਾ ਮਿਲ ਮਜ਼ਦੂਰ ਹੈ ਤਾਂ ਉਹ ਮਜ਼ਦੂਰ ਵਰਗ ਵਿਚ ਪੈਦਾ ਹੋ ਰਹੀ ਚੇਤਨਤਾ ਅਤੇ ਆਪਣੇ ਹਿੱਤਾਂ ਲਈ ਸੰਘਰਸ਼ ਕਰਨ ਦੀ ਕੋਸ਼ਿਸ਼ ਨੂੰ ਮੂਰਤੀਮਾਨ ਕਰਦਾ ਹੈ। ਇਸੇ ਤਰ੍ਹਾਂ ਮਹੀਂਮਲ ਠੇਕੇਦਾਰਾਂ ਦੇ ਸ਼ੋਸ਼ਣ ਬਾਰੇ ਆਪਣੀ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਭਾਵੇਂ ਉਹ ਆਪਣੇ ਸਾਥੀ ਮਜ਼ਦੂਰਾਂ ਨੂੰ ਜਥੇਬੰਦ ਤਾਂ ਨਹੀਂ ਕਰਦਾ ਪਰ ਉਸਦਾ ਰੋਸ ਅਤੇ ਰੋਹ ਵੱਧ ਰਹੀ ਸ਼੍ਰੇਣੀ ਚੇਤਨਤਾ ਦਾ ਹੀ ਪ੍ਰਗਟਾਵਾ ਮੰਨਿਆ ਜਾ ਸਕਦਾ ਹੈ। ਨਾਟਕ ਵਿਚ ਖੇਤ ਮਜ਼ਦੂਰ ਭਗਤੇ ਦਾ ਹਵਾਲਾ ਵੀ ਇਸੇ ਕਿਸਮ ਦੀ ਸ਼੍ਰੇਣੀ ਚੇਤਨਤਾ ਅਤੇ ਸ਼੍ਰੇਣੀ ਘੋਲ ਦਾ ਲਖਾਇਕ ਹੈ। ਨਾਟਕਕਾਰ ਨੇ ਇਨ੍ਹਾਂ ਸਾਰੇ ਪਾਤਰਾਂ ਦੀ ਦੁਖਾਂਤਕ ਹੋਣੀ ਦਾ ਪ੍ਰਗਟਾਵਾ ਕਰਕੇ ਕਿਰਤੀ ਮਜ਼ਦੂਰ ਵਰਗ ਨਾਲ ਆਪਣੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਦਾ ਸਬੂਤ ਦਿੱਤਾ ਹੈ। ਨਾਟਕਕਾਰ ਨੇ ਆਪਣੀ ਇਸ ਪ੍ਰਤੀਬੱਧਤਾ ਬਾਰੇ ਇੱਕ ਨਿੱਜੀ ਗੱਲਬਾਤ ਵਿਚ ਕੁਝ ਇਸੇ ਕਿਸਮ ਦਾ ਪ੍ਰਗਟਾਵਾ ਕੀਤਾ ਹੈ।

"ਮੇਰਾ ਬਾਬਾ ਖੇਤ ਮਜ਼ਦੂਰ ਮੇਰਾ ਪਿਓ ਖੇਤ ਮਜ਼ਦੂਰ ਮੇਰੇ ਰਿਸ਼ਤੇਦਾਰ ਖੇਤ ਮਜ਼ਦੂਰ, ਮੈਂ ਖੇਤ ਮਜ਼ਦੂਰਾਂ ਨਾਲ ਹਿੱਤ ਨਾ ਕਰਾਂ ਤਾਂ ਕਿਹਦੇ ਨਾਲ ਕਰਾਂ। ਮੈਂ ਪੇਂਡੂ ਬੇਜ਼ਮੀਨਿਆਂ ਕਿਰਤੀਆਂ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਿਆਂ। ਇਸੇ ਲਈ ਜ਼ਿਆਦਾ ਉਨ੍ਹਾਂ ਬਾਰੇ ਲਿਖਿਆ ਹੈ।"

ਨਾਟਕ ਦੀ ਥੀਮ ਨੂੰ ਸਮਕਾਲੀ ਯਥਾਰਥ ਦੇ ਪ੍ਰਸੰਗ ਵਿਚ ਬਣਾਉਣ ਲਈ ਨਾਟਕਕਾਰ ਨੇ ਇਸ ਵਿਚ ਵਿਚਾਰਧਾਰਕ ਵਿਰੋਧ ਨੂੰ ਵੀ ਸਫਲਤਾ ਪੂਰਵਕ ਸਾਹਮਣੇ ਲਿਆਉਣ ਦਾ ਜਤਨ ਕੀਤਾ ਹੈ। ਇਹ ਵਿਚਾਰਧਾਰਕ ਵਿਰੋਧ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਰਾਹੀਂ ਪੇਸ਼ ਹੁੰਦਾ ਹੈ। ਕਿਰਪਾ ਸਦੀਆਂ ਤੋਂ ਤੁਰੀ ਆ ਰਹੀ ਜਾਗੀਰਦਾਰੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਉਸਨੂੰ ਜ਼ਿਮੀਂਦਾਰ ਵਰਗ ਜਾਂ ਸਰਮਾਏਦਾਰ ਸ਼੍ਰੇਣੀ ਦੇ ਸ਼ੋਸ਼ਣਕਾਰੀ ਰੂਪ ਦੀ ਕੋਈ ਸੋਝੀ ਨਹੀਂ। ਉਹ ਪਰੰਪਰਕ ਵਿਚਾਰਧਾਰਾ ਅਨੁਸਾਰ ਹਾਕਮ ਸ਼੍ਰੇਣੀ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੇ ਵਿਚਾਰਾਂ ਤੇ ਵਿਸ਼ਵਾਸਾਂ ਦਾ ਧਾਰਨੀ ਹੈ। ਇਸੇ ਲਈ ਉਹ ਹਾਕਮ ਸ਼੍ਰੇਣੀ ਨਾਲ ਮੱਥਾ ਲਾਉਣ ਦੀ ਬਜਾਏ ਉਨ੍ਹਾਂ ਦੀ ਅਧੀਨਗੀ/ਚਾਪਲੂਸੀ ਦੇ ਪਰੰਪਰਕ

ਵਤੀਰੇ ਦਾ ਹਾਮੀ ਹੈ। ਮਿਸਾਲ ਵਜੋਂ ਉਹ ਹੁਸਨੇ ਨੂੰ ਕਾਰਖਾਨੇਦਾਰ ਦੇ ਖਿਲਾਫ਼ ਐਜੀਟੇਸ਼ਨ ਕਰਨ ਤੋਂ ਰੋਕਦਾ ਹੋਇਆ ਆਖਦਾ ਹੈ:

"ਕਿਰਪਾ: ਕਾਕਾ ਮੇਰੀ ਮੰਨ ਤੂੰ ਪੁੱਠੇ ਪੈਰ ਨਾ ਚੁੱਕ ਇਹ ਲੀਡਰੀ ਮਹਿੰਗੀ ਪੈਂਦੀ ਹੁੰਦੀ, ਤੂੰ ਸਗੋਂ ਕਹਿ ਮੁੰਡੇ ਨੂੰ ਫੂਕਣ ਮਗਰੋਂ ਬਹਿ ਕੇ ਮਾਲਕਾਂ ਨਾਲ ਗੱਲ ਕਰਾਂਗੇ...ਤੂੰ ਕਹੇ ਤਾਂ ਮੈਂ ਚੱਲਦਾਂ ਨਾਲ, ਚੌਧਰੀ ਨੂੰ ਦੂਆ ਸਲਾਮ ਕਰ ਆਉ ਪਛਾਣਦਾ ਮੈਨੂੰ। ਪਿਛਲੇ ਦੋਹਾਂ ਤਿੰਨਾਂ ਇਲੈਕਸ਼ਨਾਂ ਵਿਚ ਆਇਆ ਸੀ ਪਿੰਡ।"

ਬਜ਼ੁਰਗ ਪੀੜ੍ਹੀ ਦੇ ਕਿਰਪੇ ਦੇ ਮੁਕਾਬਲੇ ਵਿਚ ਨੌਜਵਾਨ ਪੀੜ੍ਹੀ ਦਾ ਉਸਦਾ ਪੁੱਤ ਹੁਸਨਾ ਨਵੀਂ ਪ੍ਰਗਤੀਸ਼ੀਲ ਵਿਚਾਰਧਾਰਾ ਹਾਮੀ ਹੈ। ਇਸੇ ਲਈ ਉਹ ਆਪਣੇ ਪਿਤਾ ਦੀ ਪਰੰਪਰਕ ਸੋਚ ਦਾ ਵਿਰੋਧ ਕਰਦਾ ਹੋਇਆ ਆਖਦਾ ਹੈ:

"ਹੁਸਨਾ: ਬਥੇਰਾ ਚਿਰ ਮੰਨ ਲਈਆਂ ਤੇਰੀਆਂ, ਲੰਬੜ ਦੀ ਗ਼ੁਲਾਮੀ ਕੀਤੀ ਤੂੰ ਸਾਰੀ ਉਮਰ ਵਟਿਆਂ ਪਵਾਉਂਦਾ ਰਿਹਾ ਚੌਧਰੀ ਬਦਮਾਸ਼ ਨੂੰ। ਹੁਣ ਮੈਂ ਤੇਰੀ ਇਕ ਨਹੀਂ ਮੰਨਣੀ। ਜ਼ਿਲ੍ਹੇ ਭਰ ਦੇ ਮਜ਼ਦੂਰਾਂ ਨੂੰ ਹਲੂਣਾ ਦੇਣਾ ਜਥੇਬੰਦ ਕਰਨਾ।"

ਇਸੇ ਤਰ੍ਹਾਂ ਕਿਰਪਾ ਦੇ ਕ੍ਰਾਂਤੀਕਾਰੀ ਵਿਚਾਰਾਂ ਦੀ ਕਦਰ ਨਾ ਪਾਉਂਦਾ ਹੋਇਆ ਜਦੋਂ ਉਸਨੂੰ ਬਚ ਬਚਾ ਕੇ ਰਹਿਣ ਦੀ ਸਲਾਹ ਦਿੰਦਾ ਹੈ ਤਾਂ ਉਹ ਆਪਣੀ ਵਿਰਸੇ 'ਚੋਂ ਮਿਲੀ ਪਰੰਪਰਕ ਵਿਚਾਰਧਾਰਾ ਦਾ ਹੀ ਬੋਲ ਉਚਾਰ ਰਿਹਾ ਹੈ। ਇਹ ਗੱਲ ਨਾਟਕ ਵਿਚਲੇ ਨਿਮਨ ਲਿਖਤ ਵਾਰਤਾਲਾਪ ਤੋਂ ਭਲੀਭਾਂਤ ਸਪੱਸ਼ਟ ਹੁੰਦੀ ਹੈ:

"ਕਿਰਪਾ: ਮੀਂਹਮਲਾ ਤੂੰ ਵੀ ਅਫਸਰਾਂ ਨਾਲ ਅਵਾ-ਤਵਾ ਨਹੀਂ ਬੋਲਣਾ। ਜਿੱਦਾਂ ਕਹਿੰਦੇ ਬਚ ਬਚਾ ਕੇ ਖੂਹੀਆਂ ਉਤਾਰ ਦਿਓ, ਟੁੱਟਦਾ ਚੰਨ ਤਾਂ ਮਗਰੋਂ ਪਿਆ ਟੁੱਟੇ ਵੇਲਾ ਟੱਪਾ, ਕਿਸੇ ਤਰ੍ਹਾਂ।

ਮੀਂਹਮਲ: ਕਾਲੀਆਂ ਬੀਂਗੀਆਂ, ਖ਼ਤਰਨਾਕ, ਮੈਂ ਮੁੰਡਿਆਂ ਦੀਆਂ ਜਾਨਾਂ ਜੂਹੇ ਕਾਤੇ ਲਾਵਾਂ।"

ਮੀਂਹਮਲ ਦੀ ਸ਼੍ਰੇਣੀ ਚੇਤਨਤਾ ਉਸਦੇ ਨਿਮਨ ਲਿਖਤ ਵਾਰਤਾਲਾਪ ਤੋਂ ਹੋਰ ਵੀ ਵਧੇਰੇ ਸਪੱਸ਼ਟ ਹੁੰਦੀ ਹੈ ਜੋ ਉਸਦੇ ਪਿਤਾ ਕਿਰਪੇ ਦੀ ਪਰੰਪਰਕ ਸੋਚ ਦੇ ਬਿਲਕੁਲ ਉਲਟ ਹੈ:

"ਮੀਂਹਮਲ: ਅਮੀਰ ਗੋਗੜਾਂ ਤੇ ਹੱਥ ਫੇਰਦੇ, ਬਹਿੰਦੇ ਦੁਕਾਨਾਂ ਤੇ, ਲੀਡਰ ਬਹਿੰਦੇ ਗੱਦੀਆਂ ਤੇ ਮਰਨ ਗਰੀਬਾਂ ਦੇ ਪੁੱਤ, ਮਾਲਕਾਂ ਦੀ ਰਾਖੀ ਕਰਦੇ, ਕਦੇ ਸਿਪਾਹੀ ਭਰਤੀ ਹੋਕੇ, ਕਦੇ ਚਾਕਰ ਬਣ ਕੇ, ਧੰਨ ਕਮਾਉਣ ਵੇਹਲੜਾਂ ਵਾਸਤੇ, ਮਿੱਲਾਂ ਅੰਦਰ ਕਾਰਖ਼ਾਨਿਆਂ ਵਿਚ।"

ਮੀਂਹਮਲ ਦਾ ਇਹ ਵਾਰਤਾਲਾਪੀ ਟੋਟਾ ਨਾਟਕ ਦੀ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਸਪਸ਼ਟ ਪ੍ਰਗਟਾਵਾ ਹੈ। ਇਹੀ ਅਸਲ ਵਿਚ ਨਾਟਕ ਦੀ ਵਿਸ਼ੇ ਵਸਤੂ ਅੰਦਰ ਛੁਪਿਆ ਹੋਇਆ ਸੰਦੇਸ਼ ਹੈ ਜੋ ਨਾਟਕਕਾਰ ਦੀ ਸਮਾਜਿਕ ਪ੍ਰਤਿਬੱਧਤਾ ਦਾ ਪ੍ਰਤੀਕ ਹੈ। ਇਹ ਸਾਹਿਤ ਅਤੇ ਕਲਾ ਦੇ ਕ੍ਰਾਂਤੀਕਾਰੀ ਰੋਲ ਨੂੰ ਉਜਾਗਰ ਕਰਨ ਵਾਲਾ ਕੇਂਦਰੀ ਸੰਦੇਸ਼ ਹੈ।

ਕਿਰਪੇ ਦਾ ਤੀਜਾ ਪੁੱਤਰ ਗਰੀਬੂ ਵੀ ਆਪਣੇ ਪਿਤਾ ਦੀ ਪਰੰਪਰਕ ਸੋਚ ਤੋਂ ਉਲਟ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਚੇਤਨਾ ਦਾ ਪ੍ਰਤੀਕ ਹੈ। ਇਸ ਗੱਲ ਦਾ ਪ੍ਰਗਟਾਵਾ ਨਾਟਕ ਵਿਚ ਥਾਂ-ਥਾਂ ਗਰੀਬੂ ਦੇ ਵਾਰਤਾਲਾਪੀ ਟੋਟਿਆਂ ਰਾਹੀਂ ਹੁੰਦਾ ਹੈ। ਮਿਸਾਲ ਵਜੋਂ ਜੇ ਕਿਰਪੇ ਦੀ ਪਰੰਪਰਕ ਵਿਚਾਰਧਾਰਾ ਹਾਕਮ ਸ਼੍ਰੇਣੀ ਦੇ ਜ਼ੋਰ ਜ਼ੁਲਮ ਨੂੰ ਵੀ ਰੱਬ ਦੀ ਰਜ਼ਾ ਮੰਨਣ ਉੱਤੇ ਜ਼ੋਰ ਦਿੰਦੀ ਹੈ ਤਾਂ ਗਰੀਬੂ ਇਸ ਵਿਚਾਰਧਾਰਾ ਨੂੰ ਕਿੰਤੂ ਕਰਦਾ ਹੈ:

"ਸੀਬੋ: ਕਲੀਨਰ ਲੱਗਾ ਸੀ ਮੁੰਡਾ, ਆਲੂਆਂ ਦਾ ਟਰੱਕ ਲੈ ਕੇ ਜਾਂਦੇ ਸੀ ਲੰਬੜਾਂ ਦਾ ਲੁਦੇਹਾਣੇ। ਟਰੱਕ ਲੱਗੀ ਟੈਂਪੂ ਨਾਲ ਟਰੱਕ ਬੰਦਬਾਜ਼ੀ ਖਾ ਗਿਆ, ਡਰੈਵਰ ਵੀ ਤਾਂ ਪਰੀਤੋ ਦਾ ਪਰਾਹੁਣਾ ਵੀ, ਕੁੱਤਰ ਹੋਗੇ ਵਿਚੇ, ਜਿੱਦਾਂ ਮਸ਼ੀਨ ਬਾਜਰਾ ਕੁੱਤਰ-ਕੁੱਤਰ ਸੁੱਟਦੀ।

ਕਿਰਪਾ: ਰੱਬ ਦੀ ਰਜ਼ਾ ਮੰਨ, ਬੰਦੇ ਦਾ ਜ਼ੋਰ ਨਹੀਂ ਚੱਲਦਾ, ਮੀਂਹਮਲ ਦੇ ਘਰੋਂ ਕੁੜੀ ਬੁਖਾਰ ਨੇ ਨੱਪ ਲਈ ਤੇਈਆ ਬਿਗੜ ਗਿਆ, ਧੱਕਾ ਹੋ ਗਿਆ ਮਰ ਗਈ।

ਗਰੀਬੂ: ਫ਼ਾਰਮ ਵਾਲਾ ਲੰਬੜ ਤਾਂ ਨਹੀਂ ਮਰਿਆ, ਮੇਰਾ ਪਤਿਔਹਰਾ, ਜਿਹਦੇ ਆਲੂ ਵੇਚਣ ਮੰਡੀ ਚੱਲੇ ਸੀ ਮਰੇ ਤਾਂ ਮਜ਼ਦੂਰ, ਬੇਜ਼ਮੀਨੇ, ਜਿਨ੍ਹਾਂ ਕੋਲ ਨੌਕਰੀ ਤੋਂ ਛੁੱਟ ਚਾਰਾ ਹੈ ਨਹੀਂ।

---

ਗਰੀਬੂ: ਭਗਤੇ ਨੂੰ ਆਪ ਮਰਵਾਇਆ ਸਰਦਾਰਾਂ ਨੇ ਮਸ਼ੀਨ ਵਿਚ ਫਸਾ ਕੇ, ਕਤਲ ਕੀਤਾ ਪਾਲੋ ਦੇ ਘਰ ਵਾਲਾ।"

ਇਨ੍ਹਾਂ ਹੀ ਨਹੀਂ ਗਰੀਬੂ ਤਾਂ ਆਪਣੀ ਜਾਤ ਬਿਰਾਦਰੀ ਦੀ ਪਰੰਪਰਕ ਸੋਚ ਉੱਤੇ ਵਿਅੰਗ ਕੱਸਣੋ ਨਹੀਂ ਟੱਲਦਾ-

"ਗਰੀਬੂ: ਜੁਲਾਹੇ ਹੁੰਦੇ ਡਰਾਕਲ ਲੜਾਈ ਤੋਂ ਕੋਹਾਂ ਦੂਰ ਭੱਜਦੇ, ਹੱਕ ਵਾਸਤੇ ਲੜਨਾ ਨਹੀਂ, ਆਪਣਾ ਹਿੱਸਾ ਮਜ਼ਦੂਰੀ ਦਾ ਮੰਗਣਾ ਨਹੀਂ, ਜੋਰਾਵਰ ਨੇ ਜੋ ਦਿੱਤਾ ਕਬੂਲ ਕੀਤਾ ਸਬਰ ਕੀਤਾ।"

ਇਉਂ ਪਰੰਪਰਕ ਸੋਚ ਅਤੇ ਆਧੁਨਿਕ ਵਿਚਾਰਧਾਰਾ ਦੇ ਟਕਰਾਓ ਰਾਹੀਂ ਨਾਟਕਕਾਰ ਨੇ ਆਪਣੇ ਵਿਸ਼ੇ ਵਸਤੂ ਨੂੰ ਹੋਰ ਵਧੇਰੇ ਉਘਾੜਨ ਦਾ ਯਤਨ ਕੀਤਾ ਹੈ।

ਸਮੁੱਚੀ ਚਰਚਾ ਨੂੰ ਸਮੇਟ ਦਿਆਂ ਅਸੀਂ ਕਹਿ ਸਕਦੇ ਹਾਂ ਕਿ ਚਰਨਦਾਸ ਸਿੱਧੂ ਦਾ ਇਹ ਨਾਟਕ ਪੰਜਾਬ ਦੇ ਪੇਂਡੂ ਜੀਵਨ ਨੂੰ ਜਗਾਉਣ ਵਾਲੇ ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਦਾ ਹੈ। ਇਉਂ ਇਸ ਨਾਟਕ ਦੀ ਮੁੱਖ ਪੇਸ਼ਕਾਰੀ

ਵਰਗਾਂ ਵਿਚ ਵੰਡੇ ਹੋਏ ਸਮਾਜ ਦੀ ਵਾਸਤਵਿਕਤਾ ਨੂੰ ਸ਼੍ਰੇਣੀ ਚੇਤਨਤਾ ਅਤੇ ਸ਼੍ਰੇਣੀ ਸੰਘਰਸ਼ ਦੇ ਨੁਕਤੇ ਤੋਂ ਪੇਸ਼ ਕਰਨ ਵੱਲ ਰੁਚਿਤ ਹੁੰਦੀ ਹੈ। ਇਹੀ ਇਸ ਨਾਟਕ ਦੀ ਥੀਮਕ ਸਾਰਥਿਕਤਾ ਦਾ ਮੂਲ ਧੁਰਾ ਹੈ।